# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਰਜਵੰਤ ਕੌਰ ਸੰਧੂ ਦਾ ਸਫ਼ਰਨਾਮਾ "ਮੇਰੇ ਪਿਤਾ ਦੀ ਕੁਰਸੀ" ਅਦਾਰਾ "ਦਿਸ਼ਾ" ਵੱਲੋਂ ਵਿਸ਼ਵ ਪੰਜਾਬੀ ਭਵਨ ਬਰਾਂਪਟਨ ਵਿੱਚ ਲੋਕ ਅਰਪਣ

### 2-4 ਅਕਤੂਬਰ ਨੂੰ ਹੋ ਰਹੀ ਸਤਵੀਂ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਵੀ ਡਾ. ਦਲਬੀਰ ਸਿੰਘ ਕਥੂਰੀਆ ਨੇ ਸਭ ਨੂੰ ਸੱਦਾ ਦਿੱਤਾ

ਵਰਲਡ ਪੰਜਾਬੀ ਟਾਈਮਜ਼

ਬਰੈਂਪਟਨ/ ਲੁਧਿਆਣਾ: 19 ਸਤੰਬਰ : ਪੰਜਾਬੀ ਦੇ ਉਘੇ ਕਹਾਣੀਕਾਰ ਤੇ ਵਾਰਤਕ ਲੇਖਕ ਡਾ. ਵਰਿਆਮ ਸਿੰਘ ਸੰਧੂ ਦੀ ਜੀਵਨ ਸਾਥਣ ਰਜਵੰਤ ਕੌਰ ਸੰਧੂ ਦਾ ਲਿਖਿਆ ਸਫ਼ਰਨਾਮਾ "ਮੇਰੇ ਪਿਤਾ ਦੀ ਕੁਰਸੀ" ਵਿਸ਼ਵ ਪੰਜਾਬੀ ਭਵਨ ਬਰਾਂਪਟਨ(ਕੈਨੇਡਾ)ਵਿੱਚ ਵੱਡੀ ਗਿਣਤੀ ਵਿੱਚ ਜੁੜੀਆਂ ਅਦਬੀ ਸ਼ਖ਼ਸੀਅਤਾਂ ਵਲੋਂ ਲੋਕ ਅਰਪਣ ਕੀਤਾ ਗਿਆ।




ਅਦਾਰਾ ਦਿਸ਼ਾ ਵੱਲੋਂ ਕਰਵਾਏ ਇਸ ਸਮਾਗਮ ਵਿੱਚ ਸਫ਼ਰਨਾਮੇ 'ਤੇ ਭਰਪੂਰ ਵਿਚਾਰ ਚਰਚਾ ਕਰਦਿਆਂ ਪ੍ਰੋ. ਕੰਵਲਜੀਤ ਕੌਰ ਢਿੱਲੋਂ ਨੇ ਕਿਤਾਬ ਵਿਚਲੇ ਰੌਚਕ ਤੱਥਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਲੇਖਿਕਾ ਦੇ ਪਤੀ ਡਾ. ਵਰਿਆਮ ਸਿੰਘ ਸੰਧੂ ਤੋਂ ਇਲਾਵਾ ਪ੍ਰਿੰਸੀਪਲ ਸਰਵਣ ਸਿੰਘ ਢੁੱਡੀਕੇ, ਪ੍ਰੋ. ਜਾਗੀਰ ਸਿੰਘ ਕਾਹਲੋਂ, ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਸ. ਇੰਦਰਜੀਤ ਸਿੰਘ ਬੱਲ, ਸ. ਪੂਰਨ ਸਿੰਘ ਪਾਂਧੀ, ਸ. ਪਿਆਰਾ ਸਿੰਘ ਕੁਦੋਵਾਲ, ਪਰਮਜੀਤ ਕੌਰ ਦਿਓਲ, ਬਲਰਾਜ ਛੋਕਰ, ਉਜ਼ਮਾ ਲਾਹੌਰ, ਹਰਜੀਤ ਸਿੰਘ ਗਿੱਲ, ਵਿਸ਼ਵ ਪੰਜਾਬੀ ਸਭਾ ਦੇ ਬਾਨੀ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ, ਡਾ. ਜਗਦੀਪ ਕੌਰ ਆਹੂਜਾ ਆਦਿ ਵੀ ਮੌਜੂਦ ਸਨ। ਪੁਸਤਕ ਉੱਪਰ ਪੰਜਾਬੀ ਕਵੀ ਸ. ਉਂਕਾਰਪ੍ਰੀਤ ਸਿੰਘ, ਸੁਰਜੀਤ ਕੌਰ ਟੋਰਾਂਟੋ ਅਤੇ ਸ. ਸੁਖਦੇਵ ਸਿੰਘ ਝੰਡ ਨੇ ਵਿਚਾਰ ਪੇਸ਼ ਕੀਤੇ।

ਲੇਖਿਕਾ ਰਜਵੰਤ ਕੌਰ ਸੰਧੂ ਨੇ ਸਫ਼ਰਨਾਮਾ ਬਾਰੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਪਹਿਲੀ ਵਾਰ ਪਾਕਿਸਤਾਨ ਗਏ ਸਨ ਤਾਂ ਉਨਾਂ ਦੇ ਹਮਸਫ਼ਰ ਡਾ. ਵਰਿਆਮ ਸਿੰਘ ਸੰਧੂ ਵੀ ਉਨ੍ਹਾਂ ਦੇ ਨਾਲ ਸਨ । ਪਹਿਲਾਂ ਉਹ ਵਰਿਆਮ ਸਿੰਘ ਸੰਧੂ ਦੇ ਜੱਦੀ ਪਿੰਡ ਭਡਾਣਾ ਗਏ ਜਿੱਥੇ ਉਹ ਡਾ. ਸੰਧੂ ਦੇ ਪਿਤਾ ਦਾਦੇ ਦਾ ਘਰ ਸਮਝ ਕੇ ਕਿਸੇ ਹੋਰ ਦੇ ਘਰ ਮਹਿਮਾਨ ਨਿਵਾਜ਼ੀ ਕਰਵਾ ਆਏ। ਉਸ ਘਰ ਵਿੱਚ ਰਹਿੰਦੇ ਪਰਿਵਾਰ ਨੇ ਵੀ ਨਹੀਂ ਦੱਸਿਆ ਪਰ ਬਹੁਤ ਖ਼ਾਤਰ ਸੇਵਾ ਕੀਤੀ। ਵਾਪਸ ਆ ਕੇ ਪਤਾ ਲੱਗਾ ਉਨ੍ਹਾਂ ਦਾ ਘਰ ਤਾਂ ਹੋਰ ਗਲੀ ਵਿੱਚ ਸੀ।

ਉਹ ਥਾਣਾ ਕਿਲਾ ਗੁੱਜਰ ਸਿੰਘ ਲਾਹੌਰ ਵੀ ਗਏ ਜਿੱਥੇ ਲੇਖਕਾ ਦੇ ਪਿਤਾ ਸ. ਬੰਤਾ ਸਿੰਘ 1947 ਤੋਂ ਪਹਿਲਾਂ ਥਾਣਾ ਮੁਖੀ ਸਨ। ਇਨ੍ਹਾਂ ਦੋਵਾਂ ਘਟਨਾਵਾਂ ਵਿੱਚ ਬੜਾ ਭਾਵੁਕ ਮਾਹੌਲ ਬਣਿਆ। ਇਨ੍ਹਾਂ ਦੋਹਾਂ ਥਾਵਾਂ ਦੀ ਯਾਤਰਾ ਨੇ ਸਫ਼ਰਨਾਮੇ ਵਿੱਚ ਤੇ ਕਰੁਣਾਮਈ ਤੇ ਜਜ਼ਬਾਤੀ ਮਾਹੌਲ ਸਿਰਜ ਦਿੱਤਾ। ਮੌਜੂਦਾ ਥਾਣਾ ਮੁਖੀ ਨੇ ਰਜਵੰਤ ਨੂੰ ਬਾਪ ਵਾਲੀ ਕੁਰਸੀ ਤੇ ਬੈਠਣ ਦਾ ਵੀ ਮਾਣ ਦਿੱਤਾ।

ਇਸ ਮੌਕੇ ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਬਲਰਾਜ ਸਾਹਨੀ ਦੇ ਮੇਰਾ ਪਾਕਿਸਤਾਨੀ ਸਫ਼ਰਨਾਮਾ ਤੇ ਡਾ. ਵਰਿਆਮ ਸਿੰਘ ਸੰਧੂ ਦੇ 2001 ਦੀ ਪਾਕਿਸਤਾਨ ਫੇਰੀ ਤੋਂ ਬਾਅਦ ਲਿਖਿਆ ਸਫ਼ਰਨਾਮਾ ਵਗਦੀ ਏ ਰਾਵੀ" ਤੋਂ ਬਾਦ ਸਰਦਾਰਨੀ ਰਜਵੰਤ ਕੌਰ ਸੰਧੂ ਦਾ ਇਹ ਸਫ਼ਰਨਾਮਾ ਪੰਜਾਬੀ ਸਾਹਿਤ ਦੀ ਪ੍ਰਾਪਤੀ ਹੈ।

ਇਸ ਨੂੰ ਪੰਜਾਬੀ ਪਾਠਕ ਤਾਂ ਪੜ੍ਹਨਗੇ ਹੀ ਇਸ ਪੁਸਤਕ ਨੂੰ ਪੰਜਾਬ ਦੇ ਸਕੂਲਾਂ ਤੇ ਕਾਲਜਾਂ ਵਿਚ ਸਿਲੇਬਸ ਵਜੋਂ ਵੀ ਪੜ੍ਹਾਇਆ ਜਾਣਾ ਬਣਦਾ ਹੈ। । ਉਨ੍ਹਾਂ ਕਿਹਾ ਕਿ ਸਾਡੀਆਂ ਰੂਹਾਂ ਮਹਾ ਪੰਜਾਬ ਵਿਚ ਚੱਕਰ ਕੱਟਦੀ ਰਹਿੰਦੀ ਹੈ ਇਸ ਨੂੰ ਸ਼ਾਂਤ ਕਰਨ ਲਈ ਜੋ ਵੀ ਜਾ ਸਕਦੇ ਹਨ ਉਹ ਲਹਿੰਦੇ ਪੰਜਾਬ ਵਿਚ ਜ਼ਰੂਰ ਜਾ ਕੇ ਆਉਣ।

ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਮੇਰੀ ਪਤਨੀ ਨੇ ਇਸ ਸਫ਼ਰਨਾਮੇ ਨੂੰ ਹੱਥ ਨਹੀਂ ਲਾਉਣ ਦਿੱਤਾ ਅਤੇ ਕਿਹਾ ਸੀ ਕਿ ਇਸ ਨੂੰ ਛਪਵਾਉਣ ਦਾ ਪ੍ਰਬੰਧ ਕਰੋ ਤੁਸੀਂ ਇਸ ਵਿੱਚ ਕੋਈ ਕੱਟ ਵੱਢ ਨਹੀਂ ਕਰਨੀ। ਉਨ੍ਹਾਂ ਦੱਸਿਆ ਕਿ ਰਜਵੰਤ ਦੀ ਪਾਕਿਸਤਾਨ ਜਾਣ ਦੀ ਚਿਰੋਕਣੀ ਰੀਝ ਸੀ ਕਿਉਂਕਿ ਉਨ੍ਹਾਂ ਦੇ ਪਿਤਾ ਜੀ ਸ. ਬੰਤਾ ਸਿੰਘ ਢਿੱਲੋਂ ਲਾਹੌਰ ਦੇ ਕਿਲਾ ਗੁੱਜਰ ਸਿੰਘ ਥਾਣੇ ਵਿੱਚ ਥਾਣਾ ਮੁਖੀ ਰਹੇ ਸਨ। ਉਹ ਉਸ ਥਾਣੇ ਨੂੰ ਵੇਖਣਾ ਚਾਹੁੰਦੇ ਸਨ। ਦੂਜਾ ਉਹ ਪਾਕਿਸਤਾਨ ਵਿਚਲਾ ਸਹੁਰਾ ਪਿੰਡ ਭਡਾਣਾ ਵੀ ਦੇਖਣਾ ਚਾਹੁੰਦੇ ਸਨ। ਜਦਕਿ ਮੈਂ ਭਾਵੇਂ ਇਸ ਤੋਂ ਪਹਿਲਾਂ ਦੋ ਵਾਰ ਪਾਕਿਸਤਾਨ ਜਾ ਆਇਆ ਸੀ ਪਰ ਆਪਣਾ ਪਿੰਡ ਨਹੀਂ ਸੀ ਦੇਖ ਸਕਿਆ ਸੀ ਜੋ ਵਾਘਾ ਤੋਂ ਲਾਹੌਰ ਦੇ ਵਿਚਕਾਰ ਪੈਂਦਾ ਹੈ।

ਹਰਜੀਤ ਸਿੰਘ ਗਿੱਲ ਨੇ ਕਿਹਾ ਕਿ ਸਾਰਾ ਸਫ਼ਰਨਾਮਾ ਬੋਲੀ ਅਤੇ ਸ਼ੈਲੀ ਪੱਖੋ ਨਮੂਨੇ ਦੀ ਲਿਖਤ ਹੈ। ਗੁਰੂ ਧਾਮਾਂ ਬਾਰੇ ਇਤਿਹਾਸਕ ਜਾਣਕਾਰੀ ਤੇ ਪਾਕਿਸਤਾਨ ਬਾਰੇ ਜਾਣਕਾਰੀ ਬਹੁਤ ਖੂਬ ਹੈ ।

ਪੰਜਾਬੀ ਕਵਿੱਤਰੀ ਸੁਰਜੀਤ ਕੌਰ ਤੇ ਪਰਮਜੀਤ ਕੌਰ ਦਿਓਲ ਨੇ ਕਿਹਾ ਕਿ ਇਹ ਪੁਸਤਕ ਬਹੁਤ ਰੌਚਕ ਹੈ। ਇਸ ਮੌਕੇ ਰੁਪਿੰਦਰ ਸੰਧੂ, ਰਛਪਾਲ ਕੌਰ, ਰਾਮਿੰਦਰ ਰੰਮੀ ਵਾਲੀਆ, ਸੁਰਿੰਦਰਜੀਤ ਕੌਰ ,ਪਰਮਜੀਤ ਸਿੰਘ ਵਿਰਦੀ, ਹਰਦਿਆਲ ਸਿੰਘ ਝੀਤਾ, ਡਾ. ਦਰਸ਼ਨਦੀਪ,ਸਤਿਬੀਰ ਸਿੰਘ ਸਿੱਧੂ ਵੀ ਹਾਜ਼ਰ ਸਨ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਪ੍ਰੋ. ਕੰਵਲਜੀਤ ਕੌਰ ਢਿੱਲੋਂ ਨੇ ਆਏ ਮਹਿਮਾਨ ਲੇਖਕਾਂ, ਪਾਠਕਾਂ ਤੇ ਸਨੇਹੀਆਂ ਦਾ ਧੰਨਵਾਦ ਕੀਤਾ।

ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਨੇ ਇਸ ਮੌਕੇ ਦੱਸਿਆ ਕਿ ਵਿਸ਼ਵ ਪੰਜਾਬੀ ਭਵਨ ਵਿੱਚ 2-3-4 ਅਕਤੂਬਰ ਨੂੰ ਸੱਤਵੀਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਜਾ ਰਹੀ ਹੈ ਜਿਸ ਵਿੱਚ ਦੇਸ਼ ਬਦੇਸ਼ ਤੋਂ ਸਿਰਕੱਢ ਪੰਜਾਬੀ ਲੇਖਕ ਪਹੁੰਚ ਰਹੇ ਹਨ। ਅਮਰੀਕਾ ਤੋਂ ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਸਿੰਘ ਨੇ ਇਸ ਕਾਨਫਰੰਸ ਦੀ ਸੰਪੂਰਨ ਰੂਪ ਰੇਖਾ ਉਲੀਕੀ ਹੈ। ਉਹ ਵੀ ਤਿੰਨ ਦਿਨ ਕਾਨਫਰੰਸ ਦੀ ਦੇਖ ਰੇਖ ਕਰਨਗੇ।

## ਡਿਪਟੀ ਮੇਅਰ ਜੌਹਰ ਨੇ ਵਾਰਡ ਨੰਬਰ 40 ਵਿੱਚ 31 ਲੱਖ ਰੁਪਏ ਦੇ ਪਾਣੀ ਦੀ ਸਪਲਾਈ ਲਾਈਨ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 19 ਸਤੰਬਰ : ਵਧੀਆ ਬੁਨਿਆਦੀ ਢਾਂਚਾ ਵਿਕਸਤ ਕਰਨ ਦੀ ਦਿਸ਼ਾ ਵਿੱਚ ਕਦਮ ਵਧਾਉਂਦੇ ਹੋਏ, ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਸ਼ਿਮਲਾਪੁਰੀ (ਵਾਰਡ ਨੰਬਰ 40) ਦੀ 'ਮਾਇਆ ਸੋਪ ਵਾਲੀ ਗਲੀ' ਵਿੱਚ ਪਾਣੀ ਦੀ ਸਪਲਾਈ ਲਾਈਨ ਵਿਛਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ।



ਇਹ ਪ੍ਰੋਜੈਕਟ ਕੌਂਸਲਰ ਕੋਟੇ ਤਹਿਤ ਲਗਭਗ 31 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ।

ਡਿਪਟੀ ਮੇਅਰ ਜੌਹਰ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਨੇ ਪੁਰਾਣੀਆਂ ਪਾਣੀ ਦੀਆਂ ਲਾਈਨਾਂ ਨੂੰ ਬਦਲਣ ਦੀ ਮੰਗ ਕੀਤੀ ਸੀ, ਜਿਸ ਤੋਂ ਬਾਅਦ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਨਾਲ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਸੁਚਾਰੂ ਹੋਵੇਗੀ।

ਡਿਪਟੀ ਮੇਅਰ ਜੌਹਰ ਨੇ ਅੱਗੇ ਕਿਹਾ ਕਿ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਕੰਮ ਕਰਦਿਆਂ ਉਹ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹਨ।

ਡਿਪਟੀ ਮੇਅਰ ਜੌਹਰ ਨੇ ਇਹ ਵੀ ਦੱਸਿਆ ਕਿ ਵਧੀਆ ਬੁਨਿਆਦੀ ਢਾਂਚਾ ਵਿਕਸਤ ਕਰਨ ਅਤੇ ਨਿਵਾਸੀਆਂ ਨੂੰ ਰਾਹਤ ਪ੍ਰਦਾਨ ਕਰਨ ਲਈ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕੀਤੇ ਜਾ ਰਹੇ ਹਨ।

ਉਦਘਾਟਨੀ ਸਮਾਰੋਹ ਦੌਰਾਨ ਸੁਰਜੀਤ ਸਿੰਘ ਭਮਰਾ, ਅਵਤਾਰ ਸਿੰਘ ਭਮਰਾ, ਹਰਬੰਸ ਸਿੰਘ, ਜੀਤ ਕੰਡਾ, ਮਨਮੋਹਨ ਸਿੰਘ, ਚਰਨਜੀਤ ਸਿੰਘ, ਸੁਰਜੀਤ ਸਿੰਘ, ਅਵਤਾਰ ਸਿੰਘ, ਰਿੰਕੂ, ਗੌਰਵ, ਗੋਬਿੰਦ, ਪਾਲ ਪਰਾਸ਼ਰ, ਧਰਮਪਾਲ ਬਿੱਟੂ, ਕੁਲਬੀਰ ਕੇ.ਵੀ (ਹਲਕਾ ਆਤਮ ਨਗਰ) ਅਤੇ ਹੋਰ ਹਾਜ਼ਰ ਸਨ।

## ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਨੇ ਸਥਾਪਨਾ ਦਿਵਸ ਮੌਕੇ ਲਗਾਏ ਬੂਟੇ

### ਵਾਤਾਵਰਣ ਸੰਭਾਲਣ ਲਈ ਦਿੱਤਾ ਹੋਕਾ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਕੌਰ

ਪਟਿਆਲਾ, 18 ਸਤੰਬਰ : ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਨੇ ਆਪਣਾ ਸਥਾਪਨਾ ਦਿਵਸ ਉਤਸ਼ਾਹ ਨਾਲ ਮਨਾਇਆ ਅਤੇ ਇਸਨੂੰ ਵਾਤਾਵਰਣ ਪ੍ਰਤਿ ਸਮਰਪਿਤ ਕੀਤਾ। ਇਸ ਵਿਸ਼ੇਸ਼ ਮੌਕੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਬੂਟਾ ਲਾ ਕੇ ਆਗਾਜ਼ ਕਰਦਿਆਂ 3100 ਬੂਟੇ ਲਗਵਾਏ। ਵਾਈਸ ਚਾਂਸਲਰ ਡਾ. ਗਿੱਲ ਨੇ ਖੇਡ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਮੌਕੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਸਾਡੀ ਯੂਨੀਵਰਸਿਟੀ 100 ਏਕੜ ਦੇ ਘੇਰੇ ਵਿਚ ਫੈਲਿਆ ਵਿਸ਼ਾਲ ਕੈਂਪਸ ਹੈ। ਇਸਦਾ ਹਰਾ-ਭਰਾ ਅਤੇ ਤੰਦਰੁਸਤ ਵਾਤਾਵਰਣ ਸਮਾਜ ਲਈ ਇੱਕ ਚੰਗਾ ਸੁਨੇਹਾ ਲੈ ਕੇ ਜਾਵੇਗਾ। ਉਹਨਾਂ ਦੱਸਿਆ ਕਿ ਅਸੀਂ 44 ਵੱਖ-ਵੱਖ ਕਿਸਮ ਦੇ ਬੂਟੇ ਲਗਾਏ ਹਨ ਜੋ ਕਿ ਪੰਜਾਬ ਦੇ ਰਵਾਇਤੀ ਬੂਟੇ ਹਨ ਤੇ ਇਨ੍ਹਾਂ ਵਿੱਚ ਕੋਈ ਵੀ ਰੁਪਾਂਤਰਿਤ ਬੂਟਾ ਨਹੀਂ।






ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਬਗੀਚੀ ਦੇ ਦਿੱਤੇ ਸੰਕਲਪ ਦੇ ਪੈਟਰਨ ਨੂੰ ਮੁੱਖ ਰੱਖਦਿਆਂ ਬੂਟਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹਦੇ ਵਿੱਚ ਬਕਾਇਦਾ ਇੱਕ ਟਰੈਕ ਬਣਾਇਆ ਜਾ ਰਿਹਾ ਹੈ ਜਿਹੜਾ ਰੋਜ਼ਾਨਾ ਸੈਰ ਕਰਨ ਲਈ ਵਿਦਿਆਰਥੀਆਂ ਲਈ ਉਪਯੋਗੀ ਹੋਵੇਗਾ। ਇਹ ਸਿਹਤਮੰਦ ਜੀਵਨ ਢੰਗ ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਈ ਹੋਵੇਗਾ। ਉਹਨਾਂ ਇਹ ਵੀ ਦੱਸਿਆ ਕਿ ਅਸੀਂ ਯੂਨੀਵਰਸਿਟੀ ਵਿੱਚ ਸਵ. ਸ. ਬਘੇਲ ਸਿੰਘ ਖਹਿਰਾ ਜੋ ਕਿ ਮਨੁੱਖਤਾ ਦੀ ਸੇਵਾ, ਖੇਡਾਂ ਨੂੰ ਅੱਗੇ ਲੈ ਕੇ ਜਾਣ ਦਾ ਸੁਪਨਾ ਲੈਣ ਵਾਲੀ ਮਹਾਨ ਸ਼ਖਸੀਅਤ ਅਤੇ ਵੱਡੇ ਸਮਾਜ ਸੇਵੀ ਸਨ, ਦੀ ਯਾਦ ਵਿੱਚ ਇਹ ਪਾਰਕ ਯੂਨੀਵਰਸਿਟੀ ਵਿਚ ਸਥਾਪਿਤ ਕਰ ਰਹੇ ਹਾਂ ਤਾਂ ਜੋ ਸਮਾਜ ਵਿਚ ਅਜਿਹੀਆਂ ਸ਼ਖਸੀਅਤਾਂ ਬਾਰੇ ਜਾਗਰੂਕ ਹੋਕੇ ਲੋਕਾਂ ਵਿੱਚ ਸੇਵਾ ਦਾ ਸੁਨੇਹਾ ਪਹੁੰਚਾ ਸਕੀਏ।

ਇਸ ਮੌਕੇ ਗੁਰੂ ਨਾਨਕ ਪਵਿੱਤਰ ਜੰਗਲ ਵੱਲੋਂ ਅਮਲਤਾਸ, ਅਰਜੁਨ, ਔਲ਼ਾ, ਬੜਹਲ, ਬਹੇੜਾ, ਚੁਕਰਸੀਆ, ਬੋਹੜ, ਕਟਹਲ, ਜਾਮਣ, ਕਰੌਂਦਾ, ਕੁਸਮ, ਦੇਸੀ ਅੰਬ, ਪਿਲਾਖਣ, ਸੁਹੰਜਣਾ, ਸੰਭਾਲੂ ਅਤੇ ਹੋਰ ਕੁੱਲ 44 ਕਿਸਮਾਂ ਦੇ 3100 ਬੂਟੇ ਯੂਨੀਵਰਸਿਟੀ ਲਈ ਮੁਹੱਈਆ ਕਰਵਾਏ ਗਏ। ਇਸ ਮੌਕੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਪਣੇ ਫਰਜ਼ ਨੂੰ ਸਮਝਦਿਆਂ ਬੂਟਿਆਂ ਦੀ ਸਾਂਭ-ਸੰਭਾਲ ਦੀ ਪੂਰੀ ਜ਼ਿੰਮੇਵਾਰੀ ਲਈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ 6000 ਬੂਟੇ ਪਹਿਲਾਂ ਲਗਾਏ ਜਾ ਚੁੱਕੇ ਹਨ।

## ਪੰਜਾਬ ਪੁਲਿਸ ਵੱਲੋਂ ਕਿਸ਼ੋਰ ਕੁੜੀਆਂ ਲਈ ਸਸ਼ਕਤੀਕਰਨ ਅਤੇ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

### ਉੱਚ ਜੋਖ਼ਮ ਵਾਲੇ ਖੇਤਰਾਂ ਵਿੱਚ ਕਾਰਵਾਈਯੋਗ ਦਖ਼ਲ ਦੀ ਸ਼ੁਰੂਆਤ ਵਜੋਂ ਲੁਧਿਆਣਾ ਵਿਖੇ ਕੀਤੀ ਤਾਲਮੇਲ ਮੀਟਿੰਗ*

### ਇਸ ਬਹੁ-ਪੱਖੀ ਪਹਿਲਕਦਮੀ ਤਹਿਤ 12-18 ਸਾਲ ਦੀ ਉਮਰ ਦੀਆਂ ਕਿਸ਼ੋਰ ਲੜਕੀਆਂ ਦੀ ਸਿਹਤ, ਸੁਰੱਖਿਆ, ਸਿੱਖਿਆ ਅਤੇ ਸਰਵਪੱਖੀ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ: ਸਪੈਸ਼ਲ ਡੀਜੀਪੀ ਗੁਰਪ੍ਰੀਤ ਦਿਓ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ/ਲੁਧਿਆਣਾ, 19 ਸਤੰਬਰ:ਪੰਜਾਬ ਪੁਲਿਸ ਵੱਲੋਂ 12 ਤੋਂ 18 ਸਾਲ ਦੀ ਉਮਰ ਦੀਆਂ ਕਿਸ਼ੋਰ ਲੜਕੀਆਂ ਲਈ ਵਿਆਪਕ ਜਾਗਰੂਕਤਾ ਅਤੇ ਸਸ਼ਕਤੀਕਰਨ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਉਦੇਸ਼ ਉਨ੍ਹਾਂ ਦੀ ਸਿਹਤ, ਸੁਰੱਖਿਆ, ਸਿੱਖਿਆ ਅਤੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਸਬੰਧੀ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਗੁਰਪ੍ਰੀਤ ਕੌਰ ਦਿਓ ਦੀ ਪ੍ਰਧਾਨਗੀ ਹੇਠ ਲੁਧਿਆਣਾ ਪੁਲਿਸ ਲਾਈਨਜ਼ ਦੇ ਕਾਨਫਰੰਸ ਹਾਲ ਵਿਖੇ ਵਿਭਾਗਾਂ ਅਤੇ ਏਜੰਸੀਆਂ ਦਰਮਿਆਨ ਸਾਂਝੇ ਪ੍ਰੋਗਰਾਮ ਦੀ ਸ਼ੁਰੂਆਤ ਸਬੰਧੀ ਤਿਆਰੀਆਂ ਵਜੋਂ ਇੱਕ ਤਾਲਮੇਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਬਿਹਤਰ ਪਹੁੰਚ ਲਈ ਕਾਰਵਾਈਯੋਗ ਮਾਡਿਊਲ ਤਿਆਰ ਲਈ ਮੁੱਖ ਪ੍ਰਸ਼ਾਸਕੀ, ਮੈਡੀਕਲ, ਵਿਦਿਅਕ ਅਤੇ ਸਮਾਜਿਕ ਭਾਈਵਾਲ ਵਿਭਾਗ ਇੱਕ ਮੰਚ 'ਤੇ ਇਕੱਠੇ ਹੋਏ। ਮੀਟਿੰਗ ਦੌਰਾਨ ਉਨ੍ਹਾਂ ਇਲਾਕਿਆਂ ਦੀ ਪਛਾਣ ਕਰਨ ਅਤੇ ਲੋੜੀਂਦੀ ਕਰਵਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਜਿੱਥੇ ਲੋਕ ਸਮਾਜਿਕ-ਆਰਥਿਕ ਪੱਖੋਂ ਕਮਜ਼ੋਰ ਹਨ ਅਤੇ ਜਿੱਥੇ ਨੌਜਵਾਨ ਕੁੜੀਆਂ ਵਿਰੁੱਧ ਅਪਰਾਧਾਂ ਦਾ ਵੱਧ ਜ਼ੋਖਮ ਹੈ।



ਇਸ ਪਹਿਲਕਦਮੀ ਦੇ ਉਦੇਸ਼ 'ਤੇ ਚਾਨਣਾ ਪਾਉਂਦਿਆਂ, ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਮੁਹਿੰਮ ਸੁਰੱਖਿਅਤ ਫੈਸਲੇ ਲੈਣ ਅਤੇ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਦੇ ਸਮਰੱਥ ਨੌਜਵਾਨ ਕੁੜੀਆਂ ਦੀ ਇੱਕ ਸੂਝਵਾਨ, ਆਤਮਵਿਸ਼ਵਾਸੀ ਪੀੜ੍ਹੀ ਤਿਆਰ ਕਰਨ ਲਈ ਏਕੀਕ੍ਰਿਤ ਪਹੁੰਚ ਪ੍ਰਦਾਨ ਕਰਦੀ ਹੈ।

ਉਨ੍ਹਾਂ ਦੱਸਿਆ ਕਿ ਇੰਟਰਵੈਂਸ਼ਨ ਮਾਡਿਊਲ ਦੌਰਾਨ ਸਰੀਰਕ ਅਤੇ ਮਾਨਸਿਕ ਸਿਹਤ, ਪੋਸ਼ਣ, ਮਾਹਵਾਰੀ ਦੌਰਾਨ ਸਫ਼ਾਈ, ਕਾਨੂੰਨੀ ਅਤੇ ਸੁਰੱਖਿਆ ਜਾਗਰੂਕਤਾ, ਡਿਜੀਟਲ ਅਤੇ ਵਿੱਤੀ ਸਾਖਰਤਾ, ਭਾਵਨਾਤਮਕ ਸਥਿਰਤਾ, ਲੀਡਰਸ਼ਿਪ ਗੁਣਾਂ ਦਾ ਵਿਕਾਸ, ਕਰੀਅਰ ਸਬੰਧੀ ਮਾਰਗਦਰਸ਼ਨ, ਸੰਚਾਰ ਦੇ ਹੁਨਰ ਅਤੇ ਭਲਾਈ ਯੋਜਨਾ ਦੀ ਪਹੁੰਚਯੋਗਤਾ ਨੂੰ ਵਿਆਪਕ ਤੌਰ 'ਤੇ ਕਵਰ ਕੀਤਾ ਜਾਵੇਗਾ।

ਇਹ ਮੁਹਿੰਮ ਸਿਰਫ਼ ਵਿਦਿਅਕ ਸੰਸਥਾਵਾਂ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਇਸ ਵਿੱਚ ਸਕੂਲ ਛੱਡਣ ਵਾਲੀਆਂ ਕੁੜੀਆਂ, ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪ੍ਰਵਾਸੀ ਪਰਿਵਾਰਾਂ ਨਾਲ ਸਬੰਧਤ ਕੁੜੀਆਂ, ਦਿਵਿਆਂਗ ਅਤੇ ਬਾਲ ਮਜ਼ਦੂਰੀ ਜਾਂ ਛੋਟੀ ਉਮਰ ਵਿੱਚ ਵਿਆਹ ਦੇ ਜ਼ੋਖਮ ਦਾ ਸਾਹਮਣਾ ਕਰਨ ਵਾਲੀਆਂ ਕੁੜੀਆਂ ਵੀ ਕਵਰ ਕੀਤੀਆਂ ਜਾਣਗੀਆਂ।

ਇਸ ਮੁਹਿੰਮ ਤਹਿਤ ਸਿਹਤ ਸਬੰਧੀ ਜਾਂਚ, ਕਿੱਤਾਮੁਖੀ ਸਿਖਲਾਈ ਸੈਸ਼ਨ, ਇੰਟਰਐਕਟਿਵ ਫਲਾਇਰ, ਨੁੱਕੜ ਨਾਟਕ ਅਤੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਛੋਟੇ ਵੀਡੀਓ/ਸੋਸ਼ਲ ਮੀਡੀਆ ਮੁਹਿੰਮਾਂ ਵਰਗੇ ਪ੍ਰੋਗਰਾਮ ਸ਼ਾਮਲ ਹੋਣਗੇ। ਜ਼ਿਲ੍ਹੇ ਭਰ ਵਿੱਚ ਵਿਆਪਕ ਜਨਤਕ ਸ਼ਮੂਲੀਅਤ ਅਤੇ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਲਈ ਸਕੂਲਾਂ, ਕਾਲਜਾਂ, ਮਾਪਿਆਂ, ਅਧਿਆਪਕਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਭਾਈਚਾਰਕ ਆਗੂਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ।

ਇਸ ਤਾਲਮੇਲ ਮੀਟਿੰਗ ਵਿੱਚ ਐਡੀਸ਼ਨਲ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਇੰਵੈਸਟੀਗੇਸ਼ਨ-ਕਮ-ਡਿਸਟ੍ਰਿਕਟ ਕਮਿਊਨਿਟੀ ਪੁਲਿਸਿੰਗ ਅਫ਼ਸਰ) ਲੁਧਿਆਣਾ ਰੁਪਿੰਦਰ ਭੱਟੀ, ਸਿਵਲ ਸਰਜਨ ਡਾ. ਰਮਨਦੀਪ ਕੌਰ, ਡੀ.ਐਮ.ਸੀ. ਲੁਧਿਆਣਾ ਦੇ ਕਮਿਊਨਿਟੀ ਮੈਡੀਸਨ ਵਿਭਾਗ ਦੇ ਮੁਖੀ ਡਾ. ਅਨੁਰਾਗ ਚੌਧਰੀ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ (ਡੀਸੀਪੀਓ) ਲੁਧਿਆਣਾ ਰਸ਼ਮੀ, ਸਿੱਖਿਆ ਵਿਭਾਗ ਦੇ ਪ੍ਰਿੰਸੀਪਲ ਅਮਨਦੀਪ ਸਿੰਘ, 'ਡੂ ਗੁੱਡ ਫਾਊਂਡੇਸ਼ਨ' ਤੋਂ ਜੈਸਮੀਨ ਪਾਹਵਾ ਅਤੇ ਆਈ.ਡੀ.ਆਰ.ਐਫ., ਚੰਡੀਗੜ੍ਹ ਦੇ ਖੋਜਕਰਤਾ ਸ਼ਾਮਲ ਸਨ।

## ਦਰਿਆ-ਦਿਲ ਸੀ ਹਰਭਜਨ ਸਿੰਘ ਬਾਜਵਾ

ਵਰਲਡ ਪੰਜਾਬੀ ਟਾਈਮਜ਼
ਵਰਿਆਮ ਸਿੰਘ ਸੰਧੂ (ਡਾ.)

ਆਪਣੀ ਵਾਰੀ ਪੁਗਾ ਕੇ ਹਰਭਜਨ ਸਿੰਘ ਬਾਜਵਾ ਵੀ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ। ਅਲਬੇਲੀ ਸ਼ਖ਼ਸੀਅਤ ਦਾ ਮਾਲਕ। ਦਰਵੇਸ਼ੀ ਰੂਹ। ਸੋਭਾ ਸਿੰਘੀ ਅੰਦਾਜ਼ ਵਿੱਚ ਖਿੱਲਰੇ ਕੇਸ। ਸਾਦਾ ਕੁਰਤਾ ਪਜਾਮਾ, ਗਲ਼ ਵਿੱਚ ਕੈਮਰਾ, ਚਿਹਰੇ 'ਤੇ ਖ਼ਚਰੀ ਮੁਸਕਰਾਹਟ। ਇੱਕ ਅੱਖ ਥੋੜਾ ਕੁ ਮੀਚੀ ਹੋਈ। ਬੇਲਿਹਾਜ ਤੇ ਮੂੰਹ ਫੱਟ। ਉਹਦਾ ਪਤਾ ਨਾ ਹੁੰਦਾ ਕਿ ਹੱਥ ਮਿਲਾਉਣ ਤੋਂ ਪਹਿਲਾਂ ਜਾਂ ਪਿੱਛੋਂ ਉਹਨੇ ਤੁਹਾਨੂੰ ਕੀ ਆਖ ਦੇਣਾ।



ਉਹਦੇ ਬਾਰੇ ਮਸ਼ਹੂਰ ਸੀ ਕਿ ਜਾਂ ਤਾਂ ਤੁਸੀਂ ਉਹਨੂੰ ਮਿਲਦਿਆਂ ਹੀ ਪੱਟਾਂ ਤੋਂ ਚੁੱਕ ਲਓ, ਨਹੀਂ ਤਾਂ ਉਹ ਤੁਹਾਡੀਆਂ ਬਾਜ਼ੀਆਂ ਪੁਆ ਦੇਵੇਗਾ।

ਪਤਾ ਨਹੀਂ ਉਹਦੇ ਨਾਲ ਕਦੋਂ ਪਹਿਲਾ ਮੇਲ ਮਿਲਾਪ ਹੋਇਆ, ਪਰ ਏਨਾ ਯਾਦ ਹੈ ਤੇ ਸਭ ਨੂੰ ਯਾਦ ਹੈ ਕਿ ਉਹ ਪ੍ਰੀਤ ਨਗਰ, ਅੰਬਰਸਰ, ਬਟਾਲੇ, ਜਲੰਧਰ, ਲੁਧਿਆਣੇ, ਚੰਡੀਗੜ੍ਹ ਤੋਂ ਲੈ ਕੇ ਦਿੱਲੀ ਤੱਕ ਹੁੰਦੇ ਹਰੇਕ ਸਾਹਿਤਕ ਸਮਾਗਮ ਵਿੱਚ ਹਾਜ਼ਰ ਹੁੰਦਾ। ਉਹਦਾ ਕੈਮਰਾ 'ਕਲਿੱਕ', 'ਕਲਿੱਕ' ਕਰਦਾ ਰਹਿੰਦਾ।

ਏਦਾਂ ਦੇ ਕਿਸੇ ਸਮਾਗਮ ਵਿੱਚ ਹੀ ਉਹ ਮੈਨੂੰ ਮਿਲਿਆ ਹੋਊ।

ਹਰ ਇੱਕ ਦੀਆਂ ਉਸ ਨਾਲ ਅਨੇਕਾਂ ਯਾਦਾਂ ਜੁੜੀਆਂ ਨੇ। ਇਸ ਵੇਲੇ ਮੇਰੇ ਚੇਤਿਆਂ ਵਿੱਚੋਂ ਇੱਕ ਮਿਲਣੀ ਲਿਸ਼ਕੀ ਹੈ। 1970-71 ਦੀ ਗੱਲ ਹੋਵੇਗੀ। ਅਸੀਂ ਅੰਬਰਸਰ ਦੀ ਗੁਰੂ ਰਾਮਦਾਸ ਦੀ ਸਰਾਂ ਦੇ ਕਿਸੇ ਕਮਰੇ ਵਿੱਚ ਇਕੱਠਿਆਂ ਰਾਤ ਗੁਜ਼ਾਰੀ ਸੀ, ਇਸਦਾ ਅੱਗਾ ਪਿੱਛਾ ਕੁਝ ਯਾਦ ਨਹੀਂ ਆ ਰਿਹਾ। ਦਿਨ ਦੇ ਚੜ੍ਹਾਅ ਨਾਲ ਬਾਜਵੇ ਨੇ ਆਪਣੀ ਗੁਥਲੀ ਖੋਲ੍ਹੀ ਤੇ ਉਸ ਵਿੱਚੋਂ ਕੱਢ ਕੱਢ ਕੇ ਕੁਝ ਯਾਦਗਰੀ ਤਸਵੀਰਾਂ ਵਿਖਾਉਣ ਲੱਗਾ।

ਵੱਡੇ ਵੱਡੇ ਲੇਖਕਾਂ ਦੀਆਂ, ਸਿਆਸਤਦਾਨਾਂ ਦੀਆਂ। ਫਿਰ ਇੱਕ ਦਰਸ਼ਨੀ ਨਿਹੰਗ ਸਿੰਘ ਦੀਆਂ ਦਸ ਪੰਦਰਾਂ ਤਸਵੀਰਾਂ ਮੇਰੇ ਸਾਹਮਣੇ ਖਿਲਾਰ ਦਿੱਤੀਆਂ।

"ਇਹ ਕੌਣ ਹੈ?"

"ਇਸ ਨਿਹੰਗ ਦਾ ਨਾਂ ਜਥੇਦਾਰ ....ਸਿੰਘ ਏ। ਮੈਂ ਇਹਦੀ ਤਸਵੀਰ ਖਿੱਚੀ। ਸ. ਸੋਭਾ ਸਿੰਘ ਜੀ ਨੇ ਵੇਖੀ ਤਾਂ ਮੈਨੂੰ ਕਹਿੰਦੇ , 'ਇਹਦੀਆਂ ਦਸ ਪੰਦਰਾਂ ਤਸਵੀਰਾਂ ਹੋਰ ਖਿੱਚ ਕੇ ਲਿਆ।"

"ਏਨੀਆਂ ਤਸਵੀਰਾਂ ਕਾਹਦੇ ਵਾਸਤੇ?"

"ਉਹ ਇਹਨੂੰ ਮਾਡਲ ਬਣਾ ਕੇ ਪੇਟਿੰਗ ਬਣਾਉਣਾ ਚਾਹੁੰਦਾ। ਤੂੰ ਵੇਖ ਲਈਂ, ਉਹਨਾਂ ਇਸ ਨਿਹੰਗ ਸਿੰਘ ਨੂੰ ਪੇਂਟਿੰਗ ਬਣਾ ਛੱਡਣਾ ਈਂ।"

ਤੇ ਵਾਕਿਆ ਈ ਸ. ਸੋਭਾ ਸਿੰਘ ਨੇ ਉਸ ਨਿਹੰਗ ਸਿੰਘ ਨੂੰ ਆਧਾਰ ਬਣਾ ਕੇ ਜਾਹੋ ਜਲਾਲ ਵਾਲੀ ਪੇਟਿੰਗ ਬਣਾ ਛੱਡੀ', ਜਿਹੜੀ ਅੱਜ ਬਹੁਤੇ ਸਿੱਖ ਸ਼ਰਧਾਲੂਆਂ ਦੇ ਘਰਾਂ ਵਿੱਚ ਕੰਧਾਂ 'ਤੇ ਲੱਗੀ ਮਿਲਦੀ ਹੈ।

ਉਹ ਮਨ-ਮੌਜੀ ਬੰਦਾ ਸੀ।

ਇੱਕ ਵਾਰ 1974-75 ਵਿੱਚ ਗੁਰਭਜਨ ਗਿੱਲ ਹੁਰਾਂ ਧਿਆਨਪੁਰ (ਗੁਰਦਾਸਪੁਰ) ਦੀ ਪੰਜਾਬੀ ਸਾਹਿਤ ਸਭਾ ਵੱਲੋਂ ਕਹਾਣੀ ਗੋਸ਼ਟੀ ਕਰਵਾਈ। ਉਥੇ ਸ਼ਮਸ਼ੇਰ ਸਿੰਘ ਸੰਧੂ ਨੇ 'ਚੈਂਪੀਅਨ' ਤੇ ਮੈਂ ਆਪਣੀ ਕਹਾਣੀ 'ਡੁੰਮ੍ਹ' ਪਹਿਲੀ ਵਾਰ ਸੁਣਾਈ। ਦੇਵਿੰਦਰ ਦੀਦਾਰ ਤੇ ਹੋਰ ਕੌਣ ਕੌਣ ਕਹਾਣੀਕਾਰ ਸਨ, ਪੱਕੀ ਯਾਦ ਨਹੀਂ, ਪਰ ਗੁਰਭਜਨ ਗਿੱਲ ਦੇ ਬਾਪੂ ਜੀ ਦੀ 'ਆਲੋਚਨਾਤਮਕ ਟਿੱਪਣੀ' ਮੈਨੂੰ ਅੱਜ ਵੀ ਯਾਦ ਹੈ। ਮੇਰੀ ਕਹਾਣੀ ਕੁਝ ਲੰਮੀ ਸੀ। ਬਾਪੂ ਜੀ ਕਹਿੰਦੇ, "ਜੁਆਨ ਦੀ 'ਘਾਣੀ' ਤਾਂ ਚੰਗੀ ਸੀ, ਪਰ ਝੁੱਟੀ ਕੁਝ ਜ਼ਿਆਦਾ ਹੀ ਤਾਂ ਨਹੀਂ ਲੱਗ ਗਈ?"

ਖ਼ੈਰ... ਇਹ ਗੱਲ ਤਾਂ ਚੱਲਦੇ ਚੱਲਦੇ ਯਾਦ ਆ ਗਈ। ਹਰਭਜਨ ਸਿੰਘ ਬਾਜਵਾ ਕਹਾਣੀ ਗੋਸ਼ਟੀ ਦੀਆਂ ਤਸਵੀਰਾਂ ਖਿੱਚਣ ਲਈ ਆਇਆ ਹੋਇਆ ਸੀ। ਪਰ ਮੌਕੇ ਤੇ ਉਹ ਕਿਤੇ ਲੱਭੇ ਨਾ!

"ਬਾਜਵਾ ਕਿੱਥੇ ਆ ਯਾਰ!" ਸਭਾ ਦੇ ਪ੍ਰਧਾਨ ਤੇ ਸਿਰਮੌਰ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ ਨੇ ਸਭ ਨੂੰ ਪੁੱਛਿਆ।
ਮੈਂ ਕਿਹਾ, "ਮੈ ਲੱਭ ਕੇ ਲਿਆਉਂਦਾ।"

ਗੋਸ਼ਟੀ ਧਿਆਨਪੁਰ ਹਾਈ ਸਕੂਲ ਦੇ ਮੈਦਾਨ ਵਿੱਚ ਹੋ ਰਹੀ ਸੀ। ਲੱਭਦਾ ਲੱਭਦਾ, ਮੈਂ ਸਕੂਲ ਦੇ ਪਿਛਲੇ ਪਾਸੇ ਗਿਆ ਤਾਂ ਵੇਖਿਆ, ਬਾਜਵਾ ਬੋਹੜ ਦੀਆਂ ਟਾਹਣਾਂ 'ਤੇ ਅਠਖੇਲੀਆਂ ਕਰਦੇ ਗਾਲ੍ਹੜਾਂ ਦੀਆਂ ਵੱਖ ਵੱਖ ਕੋਨਾਂ ਤੋਂ ਤਸਵੀਰਾਂ ਖਿੱਚ ਰਿਹਾ ਸੀ।

"ਉਏ ਭਾਈਆ! ਤੈਨੂੰ ਓਧਰ ਫੋਟੋ ਖਿੱਚਣ ਲਈ ਲੱਭਦੇ ਫਿਰਦੇ ਨੇ ਤੇ ਤੂੰ ਗਾਲ੍ਹੜਾਂ ਦੁਆਲੇ ਭੱਜਾ ਫਿਰਦਾਂ!"

"ਓ ਜਾਹ ਤੂੰ ਜਾਹ! ਉਹਨਾਂ ਦੀਆਂ ਬੂਥੀਆਂ ਨਾਲੋਂ ਗਾਲ੍ਹੜਾਂ ਦੀਆਂ ਬੂਥੀਆਂ ਵੱਧ ਸੋਹਣੀਆਂ ਨੇ।"

ਮੈਂ ਮਸਾਂ ਉਹਨੂੰ 'ਵਰਚਾ' ਕੇ ਸਮਾਗਮ ਵਾਲੀ ਥਾਂ ਤੇ ਲਿਆਇਆ।

ਉਹ ਦਿਲਦਾਰ ਬੰਦਾ ਸੀ। ਉਹਦੀ ਗੱਲ ਦਾ ਕੋਈ ਵੀ ਗੁੱਸਾ ਨਹੀਂ ਸੀ ਕਰਦਾ। ਉਸਨੇ ਪੰਜਾਬ ਦੇ ਸਾਹਿਤਕ, ਕਲਾਤਮਕ ਅਤੇ ਸਮਾਜਕ ਜੀਵਨ ਨੂੰ ਕੈਮਰੇ ਰਾਹੀਂ ਇਸ ਤਰ੍ਹਾਂ ਕੈਦ ਕੀਤਾ ਕਿ ਉਹ ਇਤਿਹਾਸਕ ਦਸਤਾਵੇਜ਼ ਬਣ ਗਿਆ। ਉਸਦੇ ਕੈਮਰੇ ਨੇ ਕਈ ਮਹਾਨ ਸ਼ਖ਼ਸੀਅਤਾਂ ਨੂੰ ਸੰਭਾਲਿਆ।

ਪਿਛਲੇਰੇ ਸਾਲ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿੱਚ ਬਾਜਵਾ ਨੂੰ ਉਹਦੀ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਸ. ਉੱਤਮ ਸਿੰਘ ਨਿੱਝਰ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਗੁਰਭਜਨ ਗਿੱਲ, ਲਖਵਿੰਦਰ ਜੌਹਲ , ਮੇਰੇ ਸਹਿਪਾਠੀ ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਡਾ. ਹਰਮੋਹਿੰਦਰ ਸਿੰਘ ਬੇਦੀ, ਡਾ. ਸਤਨਾਮ ਸਿੰਘ ਨਿੱਝਰ,ਗੁਰਪ੍ਰੀਤ ਸਿੰਘ ਤੂਰ, ਡਾ. ਕਰਨੈਲ ਸ਼ੇਰਗਿੱਲ, ਡਾ. ਬਿਕਰਮਜੀਤ,ਡਾ. ਗੁਰਇਕਬਾਲ ਸਿੰਘ,ਡਾ ਨਰੇਸ਼ ਕੁਮਾਰ, ਡਾ. ਉਮਿੰਦਰ ਜੌਹਲ , ਗਗਨਦੀਪ ਸਿੰਘ ਵਿਰਕ ਤੇ ਹੋਰ ਵਿਦਵਾਨਾਂ ਦੀ ਸੰਗਤ ਵਿੱਚ ਮੈਂ ਵੀ ਬਾਜਵੇ ਦੇ ਦਰਸ਼ਨ ਦੀਦਾਰੇ ਕੀਤੇ।

ਹਰਭਜਨ ਸਿੰਘ ਬਾਜਵਾ ਨਿਰਛਲ, ਨਿਰਵੈਰ ਤੇ ਮੁਹੱਬਤ ਨਾਲ ਛਲਕਦਾ ਦਰਿਆ ਸੀ।

ਉਹਦੇ ਤੁਰ ਜਾਣ 'ਤੇ ਅਹਿਮਦ ਨਦੀਮ ਕਾਸਮੀ ਦਾ ਸ਼ਿਅਰ ਯਾਦ ਆ ਰਿਹਾ ਹੈ:-

ਕੌਨ ਕਹਤਾ ਹੈ ਕਿ ਮੌਤ ਆਈ ਤੋ ਮਰ ਜਾਊਂਗਾ
ਮੈਂ ਤੋ ਦਰਯਾ ਹੂੰ, ਸਮੰਦਰ ਮੇਂ ਉਤਰ ਜਾਊਂਗਾ।

## ਬੰਦ ਕਰੀ ਜਾਨੈਂ ਸਾਰੇ ਬੂਹੇ ਤੇ ਬਾਰੀਆਂ



ਸ਼ੁਭ ਸਵੇਰ ਮੁਬਾਰਕ

ਬੰਦ ਕਰੀ ਜਾਨੈਂ ਸਾਰੇ ਬੂਹੇ ਤੇ ਬਾਰੀਆਂ,
ਕੰਧਾਂ ਨੇ ਚੁਫ਼ੇਰੇ ਕਿੱਥੇ ਲਾਏਂਗਾ ਉਡਾਰੀਆਂ,
ਏਨੀ ਵੀ ਕੀਹ ਮਗਰੂਰੀ।
ਓ ਬੰਦਿਆ ਜਿਉਣ ਲਈ ਸੱਜਰੀ ਹਵਾ ਜ਼ਰੂਰੀ।

ਤੇਰਿਆਂ ਖੰਭਾਂ 'ਚੋਂ ਪ੍ਰਵਾਜ਼ ਮਰ ਜਾਏਗੀ।
ਚੁੱਪ ਚੁੱਪ ਰਿਹਾ ਤਾਂ ਆਵਾਜ਼ ਮਰ ਜਾਏਗੀ।
ਰਿਸ਼ਤੇ ਨਿਭਾਉਣ ਵਾਲੀ ਲਾਜ ਮਰ ਜਾਏਗੀ।
ਵਧ ਜੂ ਮਨਾਂ ਵਾਲੀ ਦੂਰੀ।

ਰੰਗਲੇ ਬਗੀਚਿਆਂ 'ਚ ਖਿੜੇ ਫੁੱਲ ਪੱਤੀਆਂ।
ਧਰਤੀ ਤੇ ਵੇਖ ਤੂੰ ਬਹਾਰਾਂ ਰੰਗ ਰੱਤੀਆਂ।
ਸੱਜਣਾਂ ਦੇ ਅੰਗ ਸੰਗ ਵੇਲਾਂ ਮਾਣ ਮੱਤੀਆਂ।
ਮੱਥੇ 'ਚ ਤਰੇੜਾਂ ਕਿਤੇ ਪੱਕੀਆਂ ਨਾ ਬਹਿਣ,
ਜਾਏਂ ਵਗਦੀ ਹਵਾ ਨੂੰ ਘੂਰੀ।

ਕੰਧਾਂ ਉੱਤੇ ਲਾਈਆਂ ਜੋ ਤੂੰ ਮੂਰਤਾਂ ਸੁਨੱਖੀਆਂ।
ਇਨ੍ਹਾਂ ਕਦੇ ਬੰਦਿਆਂ ਨੂੰ ਝੱਲੀਆਂ ਨਾ ਪੱਖੀਆਂ।
ਐਵੇਂ ਤੂੰ ਭੁਲੇਖੇ 'ਚ ਉਮੀਦਾਂ ਪਾਲ ਰੱਖੀਆਂ।
ਦੇਵਤੇ ਬਲੌਰੀ ਅੱਗੇ ਆਰਤੀ ਉਤਾਰੀ ਜਾਵੇਂ,
ਹੋਣੀ ਨਾ ਮੁਰਾਦ ਕਦੇ ਪੂਰੀ।

ਛੱਡ ਕੇ ਉਡਾਰੀਆਂ ਨੂੰ ਛਤਰੀ ਤੇ ਲਹਿ ਗਿਆ।
ਉੱਡਣੇ ਪਰਿੰਦਿਆ ਤੂੰ ਪਿੰਜਰੇ 'ਚ ਬਹਿ ਗਿਆ।
ਚੱਲਿਆ ਸੈਂ ਕਿੱਥੇ, ਹੁਣ ਏਥੋਂ ਜੋਗਾ ਰਹਿ ਗਿਆ।
ਤੋਤਾ ਰਾਮ ਵਾਂਗੂੰ ਬੋਲੇਂ ਮਾਲਕਾਂ ਦੀ ਬੋਲੀ,
ਖਾ ਕੇ ਸ਼ੱਕਰ ਘਿਉ ਦੀ ਚੂਰੀ।
ਓ ਬੰਦਿਆ ਜਿਉਣ ਲਈ ਸੱਜਰੀ ਹਵਾ ਜ਼ਰੂਰੀ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਕਿਸਾਨਾਂ ਦੇ ਠਾਠਾਂ ਮਾਰਦੇ ਇਕੱਠ ਨਾਲ ਪੀ.ਏ.ਯੂ. ਦਾ ਕਿਸਾਨ ਮੇਲਾ ਸ਼ੁਰੂ ਹੋਇਆ

### ਪੰਜਾਬ ਦੇ ਮੁੱਖ ਮੰਤਰੀ ਨੇ ਖੇਤੀ ਨੂੰ ਆਧੁਨਿਕ ਬਨਾਉਣ ਲਈ ਪੀ.ਏ.ਯੂ. ਦੀ ਹਰ ਸੰਭਵ ਇਮਦਾਦ ਦਾ ਭਰੋਸਾ ਦਿੱਤਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 19 ਸਤੰਬਰ : ਕਿਸਾਨਾਂ ਦੇ ਭਾਰੀ ਇਕੱਠ ਨਾਲ ਅੱਜ ਪੀ.ਏ.ਯੂ. ਦਾ ਦੋ ਰੋਜ਼ਾ ਕਿਸਾਨ ਮੇਲਾ ਅਰੰਭ ਹੋ ਗਿਆ | ਇਸ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਸ਼ਾਮਿਲ ਹੋਏ | ਉਹਨਾਂ ਨੇ ਆਪਣੇ ਕਰ-ਕਮਲਾਂ ਨਾਲ ਮੇਲੇ ਦਾ ਉਦਘਾਟਨ ਕਰਨ ਦੇ ਨਾਲ-ਨਾਲ ਅਗਾਂਹਵਧੂ ਕਿਸਾਨਾਂ ਅਤੇ ਖੇਤੀ ਵਿੱਚ ਉੱਘਾ ਯੋਗਦਾਨ ਪਾਉਣ ਵਾਲੇ ਮਾਹਿਰਾਂ ਨੂੰ ਸਨਮਾਨਿਤ ਵੀ ਕੀਤਾ | ਉਦਘਾਟਨੀ ਸ਼ੈਸਨ ਵਿਚ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ| ਇਸ ਸਮਾਰੋਹ ਦੀ ਪ੍ਰਧਾਨਗੀ ਪੀ.ਏ.ਯੂ. ਦੇ ਵਾਈਸ ਚਾਂਸਲਰ ਸ. ਸੁਖਜੀਤਪਾਲ ਸਿੰਘ ਨੇ ਕੀਤੀ| ਇਸ ਤੋਂ ਇਲਾਵਾ ਲੁਧਿਆਣਾ ਖੇਤਰ ਦੇ ਵੱਖ-ਵੱਖ ਹਲਕਿਆਂ ਦੇ ਵਿਧਾਇਕ, ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਤਿੰਦਰਪਾਲ ਸਿੰਘ, ਪੀ.ਏ.ਯੂ. ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਡਾ. ਅਸ਼ੋਕ ਕੁਮਾਰ, ਡਾ. ਦਵਿੰਦਰ ਸਿੰਘ ਚੀਮਾ ਅਤੇ ਇੰਜ: ਅਮਰਜੀਤ ਸਿੰਘ ਢਿੱਲੋਂ, ਲੁਧਿਆਣਾ ਦੇ ਮੇਅਰ ਅਤੇ ਹੋਰ ਉੱਚ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ|

ਮੁੱਖ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਉਹ ਕਲਾਕਾਰ ਦੇ ਤੌਰ ਤੇ ਵੀ ਇਸ ਮੇਲੇ ਵਿੱਚ ਸ਼ਿਰਕਤ ਕਰਦੇ ਰਹੇ ਹਨ | ਉਹਨਾਂ ਦੀ ਪੀ.ਏ.ਯੂ. ਦੀ ਦੇਣ ਨੂੰ ਇਤਿਹਾਸਕ ਕਿਹਾ ਅਤੇ ਦੱਸਿਆ ਕਿ ਦੁਨੀਆਂ ਦੀਆਂ 100 ਸਿਖਰਲੀਆਂ ਸੰਸਥਾਵਾਂ ਵਿਚ ਸ਼ਾਮਿਲ ਹੋ ਕੇ ਇਸ ਸੰਸਥਾ ਦੇ ਕਾਰਜ ਦਾ ਮਾਣ ਅਤੇ ਮਹਾਤਮ ਵਧਿਆ ਹੈ| ਸ. ਮਾਨ ਨੇ ਨਹਿਰੀ ਪਾਣੀ ਨੂੰ ਸੁਚੱਜੇ ਤਰੀਕੇ ਨਾਲ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਉਣ ਲਈ ਸਰਕਾਰੀ ਕੋਸ਼ਿਸ਼ਾਂ ਦਾ ਹਵਾਲਾ ਦਿੱਤਾ| ਉਹਨਾਂ ਕਿਹਾ ਕਿ 22 ਫੀਸਦੀ ਵਰਤੋਂ ਯੋਗ ਪਾਣੀ ਨੂੰ 88 ਫੀਸਦੀ ਤੱਕ ਵਧਾ ਦੇਣਾ ਨਾ ਸਿਰਫ ਧਰਤੀ ਹੇਠਲੇ ਪਾਣੀ ਦੀ ਖਪਤ ਨੂੰ ਘੱਟ ਕਰਨ ਵਾਲਾ ਤੱਤ ਹੈ ਬਲਕਿ ਇਸ ਨਾਲ ਕੁਦਰਤੀ ਪੋਸ਼ਕ ਤੱਤ ਵੀ ਫਸਲਾਂ ਨੂੰ ਮਿਲਦੇ ਹਨ| ਉਹਨਾਂ ਦੱਸਿਆ ਕਿ 14000 ਕਿਲੋਮੀਟਰ ਪਾਈਪ ਲਾਈਨਾਂ ਇਸ ਮੰਤਵ ਲਈ ਵਿਛਾਈਆਂ ਗਈਆਂ ਹਨ ਅਤੇ ਆਉਂਦੇ ਸਾਲਾਂ ਵਿਚ 6000 ਕਿੱਲੋਮੀਟਰ ਹੋਰ ਵਿਛਾਉਣ ਦੀ ਯੋਜਨਾ ਹੈ|



ਮੁੱਖ ਮੰਤਰੀ ਨੇ ਪੀ.ਏ.ਯੂ. ਵੱਲੋਂ ਹਜ਼ਾਰ ਦੇ ਕਰੀਬ ਨਵੀਆਂ ਕਿਸਮਾਂ ਦੀ ਖੋਜ ਨੂੰ ਬੇਹੱਦ ਮਹੱਤਵਪੂਰਨ ਕਰਾਰ ਦਿੰਦਿਆਂ ਕਿਹਾ ਕਿ ਖੇਤੀ ਨੂੰ ਆਧੁਨਿਕ ਬਨਾਉਣ ਲਈ ਹਰ ਸੰਭਵ ਸਹਿਯੋਗ ਇਸ ਸੰਸਥਾ ਨੂੰ ਦਿੱਤਾ ਜਾਵੇਗਾ| ਸ. ਮਾਨ ਨੇ ਪਰਾਲੀ ਦੀ ਸੰਭਾਲ ਲਈ ਕੌਮਾਂਤਰੀ ਸਾਂਝਦਾਰੀਆਂ ਵਧਾਉਣ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਸਿਰਫ਼ ਕਾਸ਼ਤ ਦੇ ਨਾਲ-ਨਾਲ ਸਹਾਇਕ ਧੰਦੇ, ਖੇਤੀ ਭਿੰਨਤਾ, ਪ੍ਰੋਸੈਸਿੰਗ, ਮੁੱਲਵਾਧਾ ਆਦਿ ਅੱਜ ਦੀ ਖੇਤੀ ਦੇ ਅਹਿਮ ਅੰਗ ਹਨ ਅਤੇ ਇਹਨਾਂ ਲਈ ਸਰਕਾਰੀ ਯੋਜਨਾਵਾਂ ਵਿਚ ਲੋੜੀਂਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ| ਮੁੱਖ ਮੰਤਰੀ ਨੇ ਕਿਹਾ ਕਿ ਸਮੱਸਿਆਵਾਂ ਅਤੇ ਹੱਲ ਵਿਚਕਾਰ ਜੋ ਅੰਤਰ ਹੈ, ਉਸਨੂੰ ਘਟਾਉਣ ਲਈ ਸਾਡੀ ਸਰਕਾਰ ਅਤੇ ਪੀ.ਏ.ਯੂ. ਮਾਹਿਰਾਂ ਨੂੰ ਸਿਰਤੋੜ ਕੋਸ਼ਿਸ਼ ਕਰਨੀ ਪਵੇਗੀ | ਉਹਨਾਂ ਕਿਹਾ ਕਿ ਕਿਸਾਨ ਨੇ ਯੂਨੀਵਰਸਿਟੀ ਦੇ ਤਜਰਬਿਆਂ ਤੇ ਅਮਲ ਕਰਨਾ ਹੈ | ਇਸਲਈ ਯੂਨੀਵਰਸਿਟੀ ਨੂੰ ਪੂਰੀ ਤਰ੍ਹਾਂ ਤਜਰਬਿਆਂ ਤੇ ਖਰੇ ਉਤਰ ਕੇ ਹੀ ਸਿਫ਼ਾਰਸ਼ ਕਿਸਾਨ ਤੱਕ ਪਹੁੰਚਾਉਣੀ ਪਵੇਗੀ| ਉਹਨਾਂ ਕਿਹਾ ਕਿ ਪੰਜਾਬ ਸੈਂਟਰਲ ਪੂਲ ਵਿੱਚ ਸਭ ਤੋਂ ਵੱਧ ਝੋਨਾ ਪਾਉਂਦਾ ਹੈ| ਇਸਦਾ ਅਰਥ ਇਹ ਹੈ ਕਿ ਅਸੀਂ ਫ਼ਸਲ ਦੇ ਰੂਪ ਵਿੱਚ ਆਪਣੇ ਕੁਦਰਤੀ ਸਰੋਤ ਦੇਸ਼ ਦੇ ਦੂਜੇ ਹਿੱਸਿਆਂ ਨੂੰ ਦੇ ਰਹੇ ਹਾਂ | ਉਹਨਾਂ ਕਿਹਾ ਕਿ ਦਾਲਾਂ ਅਤੇ ਹੋਰ ਫ਼ਸਲਾਂ ਤੇ ਘੱਟੋ-ਘੱਟ ਸਮਰਥਨ ਮੁੱਲ ਅਤੇ ਮੰਡੀਕਰਨ ਗੰਭੀਰ ਸਮੱਸਿਆ ਬਣੀ ਹੋਈ ਹੈ | ਨਾਲ ਹੀ ਸ. ਮਾਨ ਨੇ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਆਪਣੀ ਸਰਕਾਰ ਦਾ ਦ੍ਰਿੜ ਨਿਸ਼ਚਾ ਦੁਹਰਾਇਆ |

ਭਗਵੰਤ ਮਾਨ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਨਮਾਨਿਤ ਕਿਸਾਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ | ਉਹਨਾਂ ਕਿਹਾ ਕਿ ਖੇਤੀ ਹੁਣ ਨਵੀਆਂ ਤਕਨਾਲੋਜੀਆਂ ਨਾਲ ਲਗਾਤਾਰ ਜੁੜ ਰਹੀ ਹੈ | ਇਸਲਈ ਪਾਣੀ, ਹਵਾ ਅਤੇ ਧਰਤੀ ਨੂੰ ਬਚਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ |

ਮੁੱਖ ਮੰਤਰੀ ਨੇ ਪਰਾਲੀ ਦੀ ਸੰਭਾਲ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਅਤੇ ਕਿਹਾ ਕਿ ਝੋਨੇ ਦੀ ਉਪਜ ਨਾਲ ਪਰਾਲੀ ਪੈਦਾ ਹੀ ਹੋਣੀ ਹੈ ਪਰ ਸਰਕਾਰ ਆਉਂਦੇ ਕੁਝ ਦਿਨਾਂ ਵਿੱਚ ਇਸਦਾ ਢੁਕਵਾਂ ਹੱਲ ਕਰਨ ਲਈ ਵਚਨਬੱਧ ਹੈ | ਉਹਨਾਂ ਕਿਹਾ ਕਿ ਪਰਾਲੀ ਨੂੰ ਖੇਤ ਵਿੱਚ ਵਾਹੁਣ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਹੋਇਆ ਹੈ | ਪਰ ਇਸ ਸੰਬੰਧੀ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਦੀ ਲੋੜ ਤੇ ਜ਼ੋਰ ਵੀ ਉਹਨਾਂ ਦਿੱਤਾ| ਉਹਨਾਂ ਨੇ ਖੇਤੀ ਖਰਚਿਆਂ ਦੇ ਨਾਲ-ਨਾਲ ਸਮਾਜਕ ਖਰਚਿਆਂ ਨੂੰ ਵੀ ਕਾਬੂ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ |

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਵੀ ਕਿਸਾਨਾਂ ਨੂੰ ਸੰਬੋਧਨ ਕੀਤਾ | ਉਹਨਾਂ ਕਿਹਾ ਕਿ ਪੀ.ਏ.ਯੂ. ਦੇ ਕਿਸਾਨ ਮੇਲਿਆਂ ਦਾ ਇਤਿਹਾਸ ਪੰਜਾਬ ਦੀ ਖੇਤੀ ਦੇ ਵਿਕਾਸ ਦੀ ਕਹਾਣੀ ਹੈ | ਸ. ਖੁੱਡੀਆਂ ਨੇ ਕਿਹਾ ਕਿ ਯੂਨੀਵਰਸਿਟੀ ਮਾਹਿਰਾਂ ਦੇ ਯੋਗਦਾਨ ਅੱਗੇ ਉਹਨਾਂ ਦਾ ਸਿਰ ਝੁਕਦਾ ਹੈ| ਉਹਨਾਂ ਕਿਹਾ ਕਿ ਪਰਾਲੀ ਦੀ ਸੰਭਾਲ ਲਈ ਕਿਸਾਨਾਂ ਦੇ ਸਹਿਯੋਗ ਦੀ ਸਖਤ ਲੋੜ ਹੈ |

ਕਿਸਾਨਾਂ ਨੂੰ ਪੀ.ਏ.ਯੂ. ਦੇ ਬੀਜ ਅਤੇ ਸਾਹਿਤ ਖ੍ਰੀਦਣ ਲਈ ਵੀ ਖੇਤੀਬਾੜੀ ਮੰਤਰੀ ਨੇ ਪ੍ਰੇਰਿਤ ਕੀਤਾ | ਉਹਨਾਂ ਦੱਸਿਆ ਕਿ ਪੰਜਾਬ ਝੋਨੇ ਦਾ 40 ਫੀਸਦ ਅਤੇ ਕਣਕ ਦਾ 25 ਫੀਸਦ ਹਿੱਸਾ ਕੇਂਦਰੀ ਪੂਲ ਲਈ ਪਾਉਂਦਾ ਹੈ| ਪਰ ਨਾਲ ਹੀ ਫਸਲੀ ਵਿਭਿੰਨਤਾ ਅਤੇ ਬਾਗਬਾਨੀ ਦੇ ਵਿਕਾਸ ਵਾਸਤੇ ਹੋਰ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ| ਸ. ਖੁੱਡੀਆਂ ਨੇ ਖੇਤੀ ਦੇ ਨਾਲ-ਨਾਲ ਸਹਾਇਕ ਕਿੱਤਿਆਂ ਵੱਲ ਧਿਆਨ ਦੇਣ ਦੀ ਲੋੜ ਤੇ ਜ਼ੋਰ ਦਿੱਤਾ ਤਾਂ ਜੋ ਪਰਿਵਾਰਕ ਆਮਦਨ ਵਧਾਈ ਜਾ ਸਕੇ|

ਇਸ ਮੌਕੇ ਆਪਣੇ ਸਵਾਗਤੀ ਭਾਸ਼ਣ ਵਿਚ ਪੀ.ਏ.ਯੂ. ਦੇ ਵਾਈਸ ਚਾਂਸਲਰ ਅਤੇ ਰਜਿਸਟਰਾਰ ਸ਼੍ਰੀ ਸੁਖਜੀਤਪਾਲ ਸਿੰਘ ਨੇ ਕਿਹਾ ਕਿ ਇਹ ਮੇਲਾ ਕਿਸਾਨ ਅਤੇ ਵਿਗਿਆਨੀ ਕੋਲੋਂ ਪਰਸਪਰ ਸਿੱਖਣ ਸਿਖਾਉਣ ਦੀ ਜੀਵੰਤ ਮਿਸਾਲ ਹੈ| ਉਹਨਾਂ ਕਿਹਾ ਕਿ ਇਸ ਪ੍ਰਕਿਰਿਆ ਵਿਚ ਤੀਜੀ ਧਿਰ ਵਜੋਂ ਸਰਕਾਰ ਲੋੜੀਂਦੇ ਸਹਿਯੋਗ ਲਈ ਕਿਸਾਨਾਂ ਅਤੇ ਸੰਸਥਾ ਦੀ ਪਿੱਠ ਤੇ ਖੜੀ ਹੈ|

ਉਹਨਾਂ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ 990 ਕਿਸਮਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਹਨਾਂ ਵਿੱਚੋਂ 250 ਤੋਂ ਵਧੇਰੇ ਕਿਸਮਾਂ ਰਾਸ਼ਟਰੀ ਪੱਧਰ ਤੇ ਕਾਸ਼ਤ ਦੇ ਯੋਗ ਸਮਝੀਆਂ ਗਈਆਂ ਹਨ| ਵਾਈਸ ਚਾਂਸਲਰ ਨੇ ਪਸਾਰ ਢਾਂਚੇ ਦੇ ਹਵਾਲੇ ਨਾਲ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਤਕਨਾਲੋਜੀਆਂ ਕਿਸਾਨਾਂ ਤੱਕ ਪਹੁੰਚਾਉਣ ਦੇ ਅਹਿਮ ਕਾਰਜ ਬਾਰੇ ਦੱਸਿਆ| ਉਹਨਾਂ ਕਿਹਾ ਕਿ ਖੇਤੀ ਵਿਚ ਜੋ ਵੀ ਚੁਣੌਤੀਆਂ ਹਨ, ਉਹਨਾਂ ਨੂੰ ਸਰ ਕਰਨ ਲਈ ਯੂਨੀਵਰਸਿਟੀ ਦੇ ਮਾਹਿਰ ਕਿਸਾਨਾਂ ਨਾਲ ਸਹਿਯੋਗ ਕਰਕੇ ਲਗਾਤਾਰ ਯਤਨਸ਼ੀਲ ਰਹਿਣਗੇ|

ਪੀ.ਏ.ਯੂ. ਦੇ ਨਿਰਦੇਸ਼ਕ ਖੋਜ ਡਾ ਅਜਮੇਰ ਸਿੰਘ ਢੱਟ ਨੇ ਖੇਤੀ ਖੋਜਾਂ ਬਾਰੇ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ|

ਮੁੱਖ ਮੰਤਰੀ ਨੇ ਇਸ ਮੌਕੇ ਅਗਾਂਹਵਧੂ ਕਿਸਾਨਾਂ ਨੂੰ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਜਿਨ੍ਹਾਂ ਵਿਚ ਮਨਦੀਪ ਸਿੰਘ ਖੱਟੜਾ, ਕੁਲਵਿੰਦਰ ਸਿੰਘ, ਬਲਧੀਰ ਸਿੰਘ, ਗੁਰਦਿਆਲ ਸਿੰਘ, ਗੁਰਮੀਤ ਸਿੰਘ, ਜੋਬਨਜੀਤ ਸਿੰਘ, ਮਨਪ੍ਰੀਤ ਸਿੰਘ ਅਤੇ ਪਿੰਡ ਮੋਹੀ ਕਲਾਂ ਜ਼ਿਲ੍ਹਾ ਪਟਿਆਲਾ ਦੀ ਪੰਚਾਇਤ ਸ਼ਾਮਿਲ ਹੈ|

ਸਮਾਗਮ ਦਾ ਸੰਚਾਲਨ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕੀਤਾ | ਉਹਨਾਂ ਨੇ ਮੁੱਖ ਮੰਤਰੀ ਦੇ ਕਰ-ਕਮਲਾਂ ਨਾਲ ਪੀ.ਏ.ਯੂ. ਦੇ ਚੋਣਵੇਂ ਖੇਤੀ ਸਾਹਿਤ ਨੂੰ ਲੋਕ ਅਰਪਿਤ ਕਰਨ ਦੀ ਪਹਿਲਕਦਮੀ ਕੀਤੀ|

ਅੰਤ ਵਿੱਚ ਧੰਨਵਾਦ ਦੇ ਸ਼ਬਦ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਹੇ |

ਪੀ.ਏ.ਯੂ. ਦੇ ਮਾਹਿਰਾਂ ਨੇ ਕਿਸਾਨਾਂ ਨੂੰ ਖੇਤੀ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਜਾਣਕਾਰੀ ਸੈਸ਼ਨ ਵਿਚ ਜਾਣਕਾਰੀ ਦਿੱਤੀ|

ਪੰਜਾਬ ਦੇ ਲੋਕ ਕਲਾਕਾਰਾਂ ਸੁਰਜੀਤ ਭੁੱਲਰ, ਫੋਕ ਸਾਜ਼ ਅਤੇ ਦਲਜੀਤ ਧਲੇਰੀਆ ਨੇ ਹਾਜ਼ਰ ਕਿਸਾਨਾਂ ਦਾ ਮਨੋਰੰਜਨ ਕੀਤਾ |

ਮੇਲੇ ਵਿੱਚ ਵੱਡੀ ਪੱਧਰ ਤੇ ਸਵੈ ਸੇਵੀ ਸੰਸਥਾਵਾਂ, ਕਿਸਾਨ ਨਿਰਮਾਤਾ ਸੰਗਠਨਾਂ, ਨਿੱਜੀ ਕੰਪਨੀਆਂ ਤੋਂ ਇਲਾਵਾ ਪੀ.ਏ.ਯੂ. ਦੇ ਵਿਭਾਗਾਂ ਨੇ ਆਪਣੀਆਂ ਸਟਾਲਾਂ ਲਗਾਈਆਂ ਸਨ|